# ਪ੍ਰੈਸ ਨੋਟ

**ਨਵੇਂ ਪਦ ਉਨੱਤ ਹੋਏ ਪੁਲਿਸ ਅਧਿਕਾਰੀ ਲਈ ਜਿਲਾ ਪੁਲਿਸ ਮੁਖੀ ਵੱਲੋਂ ਵਿਸ਼ੇਸ਼ ਸਿਖਲਾਈ ਪ੍ਰੋਗਰਾਮ ਆਯੋਜਿਤ**

**ਨਵੇਂ ਅਹੁਦਿਆਂ ਅਨੁਸਾਰ ਨਵੀਆਂ ਜਿੰਮੇਵਾਰੀਆਂ ਤੇ ਨਵੀਆਂ ਸ਼ਕਤੀਆਂ ਦੀ ਸਿਖਲਾਈ ਜਰੂਰੀ-ਐਸ ਐਸ ਪੀ ਸ੍ਰੀ ਮੁਕਤਸਰ ਸਾਹਿਬ**

ਸ੍ਰੀ ਮੁਕਤਸਰ ਸਾਹਿਬ( ) ਪੰਜਾਬ ਸਰਕਾਰ ਵੱਲੋਂ ਬੀਤੇ ਦਿਨੀ ਵਿਭਾਗੀ ਨਿਯਮਾਂ ਅਨੁਸਾਰ ਪੁਲਿਸ ਵਿਭਾਗ ਅੰਦਰ ਸਮੇਂ ਸਮੇਂ ਕੀਤੀਆਂ ਜਾ ਰਹੀਆਂ ਵਿਭਾਗੀ ਤਰੱਕੀਆਂ ਹਾਸਿਲ ਕਰਨ ਵਾਲੇ ਪੁਲਿਸ ਅਧਿਕਾਰੀਆਂ ਨੂੰ ਉਹਨਾਂ ਦੇ ਨਵੇਂ ਫਰਜ਼, ਨਵੀਆਂ ਸ਼ਕਤੀਆਂ ਤੇ ਨਵੀਆਂ ਜ਼ਿੰਮਾਵਾਰੀਆਂ ਤੋਂ ਜਾਣੂ ਕਰਵਾਉਣ ਦੇ ਮਕਸਦ ਨਾਲ ਇਸ ਜਿਲਾ ਦੇ ਸੀਨੀਅਰ ਕਪਤਾਨ ਪੁਲਿਸ ਸ੍ਰੀ ਧਰੂਮਨ ਐਚ ਨਿੰਬਾਲੇ ਆਈ ਪੀ ਐਸ ਵੱਲੋਂ ਇੱਕ ਵਿਸ਼ੇਸ਼ ਸਿਖਲਾਈ ਪ੍ਰੋਗਰਾਮ ਸ਼ੁਰੂ ਕੀਤਾ ਗਿਆ।ਨਵੇਂ ਤਰੱਕੀਯਾਬ ਹੋਣ ਵਾਲੇ ਪੁਲਿਸ ਅਧਿਕਾਰੀ ਅਤੇ ਕਰਮਚਾਰੀ ਅਕਸਰ ਇਹ ਮਹਿਸੂਸ ਕਰਦੇ ਸੁਣੇ ਜਾਂਦੇ ਸਨ ਕਿ ਉਹ ਆਪਣੇ ਨਵੇਂ ਅਹੁਦਿਆਂ ਅਨੁਸਾਰ ਆਪਣੀਆਂ ਨਵੀਆਂ ਜ਼ਿੰਮਾਵਾਰੀਆਂ ਨੂੰ ਨਿਭਾਉਣ ਵਿੱਚ ਥੋੜੀ ਦਿੱਕਤ ਮਹਿਸੂਸ ਕਰਦੇ ਸਨ। ਇਸ ਲਈ ਉਹਨਾ ਦੀ ਇਸ ਹਿੱਚਕਚਾਹਟ ਨੂੰ ਦੂਰ ਕਰਨ ਲਈ ਅਤੇ ਪੁਲਿਸ ਤਫਤੀਸ਼ ਸਬੰਧੀ ਨਵੇਂ ਕਾਨੂੰਨ ਅਤੇ ਨਵੀਆਂ ਵਿਗਿਆਨਿਕ ਤਕਨੀਕਾਂ ਤੋਂ ਜਾਣੂ ਕਰਵਾਉਣ ਲਈ ਜਿਲਾ ਪੁਲਿਸ ਦਫਤਰ ਵਿੱਚ ਸਥਿੱਤ ਕਾਨਫਰੰਸ ਹਾਲ ਵਿਖੇ ਇੱਕ ਵੱਖਰੀ ਕਿਸਮ ਦਾ ਟਰੇਨਿੰਗ ਪਰੋਗਰਾਮ ਆਯੋਜਿਤ ਕੀਤਾ ਗਿਆ। ਇਸ ਵੱਖਰੀ ਕਿਸਮ ਦੇ ਟਰੇਨਿੰਗ ਪ੍ਰੋਗਰਾਮ ਵਿੱਚ ਸਿਖਲਾਈ ਹਾਸਿਲ ਕਰਨ ਲਈ ਸਮੁੱਚੇ ਜਿਲਾ ਭਰ ਦੇ ਥਾਣੇ ਚੌਕੀਆਂ ਵਿੱਚ ਤਾਇਨਾਤ ਪੁਲਿਸ ਅਧਿਕਾਰੀਆਂ ਨੂੰ ਬੁਲਾ ਕੇ ਉਹਨਾਂ ਨੂੰ ਨਵੇਂ ਹਾਲਾਤਾਂ ਅਨੁਸਾਰ ਨਿਜੱਠਣ ਲਈ ਉਹਨਾਂ ਨੂੰ ਸਿਖਲਾਈ ਪ੍ਰਦਾਨ ਕੀਤੀ ਗਈ। ਇਸ ਸਿਖਲਾਈ ਪ੍ਰੋਗਰਾਮ ਮੌਕੇ ਸਿਖਿਆਰਥੀਆਂ ਤੋਂ ਇਲਾਵਾ ਸ੍ਰੀ ਮੋਹਨ ਲਾਲ ਕਪਤਾਨ ਪੁਲਿਸ ਇਨਵੈਸਟੀਗੇਸ਼ਨ, ਸ: ਗੁਰਪ੍ਰੀਤ ਸਿੰਘ ਡੀ ਐਸ ਪੀ(ਡੀ), ਸਰਵ ਸ੍ਰੀ ਦਰਸ਼ਨ ਸਿੰਘ ਰਿਟ: ਡੀ ਐਸ ਪੀ, ਨਿਰਮਲ ਸਿੰਘ ਰਿਟ: ਇੰਸਪੈਕਟਰ , ਧਰਮ ਪਾਲ ਰਿਟ: ਇੰਸਪੈਕਟਰ ਅਤੇ ਥਾਣੇਦਾਰ ਗੁਰਦੇਵ ਸਿੰਘ ਬਤੌਰ ਟਰੇਨਰ ਉਪਸਥਿਤ ਸਨ।ਇਸ ਟਰੇਨਿੰਗ ਪਰੋਗਰਾਮ ਨੂੰ ਬੀਤੇ ਸਮੇ ਤਰੱਕੀਯਾਬ ਹੋਏ ਪੁਲਿਸ ਕਰਮਚਾਰੀਆਂ ਜਿਹਨਾਂ ਵਿੱਚ ਹਰਪਿੰਦਰ ਸਿੰਘ, ਇਕਵਾਲ ਸਿੰਘ, ਗੁਰਮੀਤ ਸਿੰਘ, ਜੈ ਸਿੰਘ, ਬਚਿੱਤਰ ਸਿੰਘ, ਸਤੀਸ਼ ਕੁਮਾਰ, ਗੁਰਮੀਤ ਸਿੰਘ, ਮਹਿਮਾ ਸਿੰਘ, ਮਲਕੀਤ ਸਿੰਘ, ਰਾਜ ਸਿੰਘ, ਚਰਨਜੀਤ ਕੌਰ, ਬਲਵਿੰਦਰ ਸਿੰਘ, ਸਵਰਨ ਸਿੰਘ, ਦਰਸ਼ਨ ਸਿੰਘ, ਹਰਭਗਵਾਨ ਸਿੰਘ, ਕੁਲਵੰਤ ਸਿੰਘ, ਰਾਜਵੀਰ ਸਿੰਘ, ਫੁਲਵਿੰਦਰ ਸਿੰਘ ਅਤੇ ਸੁਖਦੇਵ ਸਿੰਘ ਨੇ ਅਟੈਂਡ ਕੀਤਾ। ਇਸ ਮੌਕੇ ਸਿਖਲਾਈ ਪ੍ਰਾਪਤ ਕਰ ਰਹੇ ਕਰਮਚਾਰੀਆਂ ਨੇ ਦੱਸਿਆ ਕਿ ਉਹਨਾਂ ਨੂੰ ਇਸ ਪਰਕਾਰ ਦਾ ਸਿਖਲਾਈ ਪ੍ਰੋਗਰਾਮ ਵਿਭਾਗ ਦੇ ਰੋਜਮਰਾ ਦੇ ਕੰਮਾ ਪ੍ਰਤੀ ਬਹੁਤ ਲਾਹੇਵੰਦ ਸਾਬਤ ਹੋਵੇਗਾ।ਪੁਲਿਸ ਵਿਭਾਗ ਦੇ ਬੁਲਾਰੇ ਸ: ਜਗਸੀਰ ਸਿੰਘ ਨੇ ਦੱਸਿਆ ਕਿ ਨਵੇ ਪਰਮੋਟ ਹੋਣ ਵਾਲੇ ਪੁਲਿਸ ਕਰਮਚਾਰੀਆਂ ਲਈ ਇਸ ਪ੍ਰਕਾਰ ਦੇ ਵਿਸ਼ੇਸ ਸਿਖਲਾਈ ਪ੍ਰੋਗਰਾਮ ਭਵਿੱਖ ਵਿੱਚ ਵੀ ਜਾਰੀ ਰਹਿਣਗੇ।